# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

**8:30**

**ਮਿਤੀ :13-08-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਸੰਸਦ ਦੇ ਦੋਵਾਂ ਸਦਨਾਂ ਨੇ ਵਿਦੇਸ਼ੀ ਯੋਗਦਾਨ ਨੇਮ (ਸੋਧ) ਬਿੱਲ, 2026 ਨੂੰ ਹੋਰ ਸਮੀਖਿਆ ਲਈ ਇੱਕ ਸੰਯੁਕਤ ਸੰਸਦੀ ਕਮੇਟੀ ਨੂੰ ਭੇਜਣ ਦੀ ਪ੍ਰਵਾਨਗੀ ਦੇ ਦਿੱਤੀ ਏ ।
- ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੇ ਫਾਰਮੇਸੀ ਅਫਸਰਾਂ ਦੀ ਭਰਤੀ ਵਿੱਚ ਪੇਪਰ ਲੀਕ ਹੋਣ ਦੇ ਦੋਸ਼ਾਂ ਨੂੰ ਲੈ ਕੇ 454 ਫਾਰਮੇਸੀ ਅਫਸਰਾਂ ਦੀਆਂ ਅਸਾਮੀਆਂ ਲਈ ਨਿਯੁਕਤੀ ਪ੍ਰਕਿਰਿਆ 'ਤੇ ਰੋਕ ਲਾ ਦਿੱਤੀ ਏ.
- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅੱਜ ਨਵੀਂ ਦਿੱਲੀ ਵਿੱਚ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਵਿੱਚ 115 ਕਲਾਕਾਰਾਂ ਨੂੰ 2024 ਅਤੇ 2025 ਲਈ ਸੰਗੀਤ ਨਾਟਕ ਅਕਾਦਮੀ ਫੈਲੋਸ਼ਿਪ ਅਤੇ ਅਵਾਰਡ ਪ੍ਰਦਾਨ ਕਰਨਗੇ।

- ਕਲਕੱਤਾ ਹਾਈ ਕੋਰਟ ਨੇ ਪੱਛਮੀ ਬੰਗਾਲ ਵਿੱਚ ਸਾਬਕਾ ਤ੍ਰਿਣਮੂਲ ਕਾਂਗਰਸ ਸਰਕਾਰ ਵਲੋਂ ਲਾਗੂ ਕੀਤੇ ਗਏ ਸੋਧੇ ਹੋਏ ਨੇਮਾਂ ਤਹਿਤ ਜਾਰੀ ਕੀਤੇ ਗਏ ਸਾਰੇ ਹੋਰ ਪੱਛੜੇ ਵਰਗ (ਓਬੀਸੀ-ਏ) ਅਤੇ ਓਬੀਸੀ-ਬੀ ਪ੍ਰਮਾਣ ਪੱਤਰ ਰੱਦ ਕਰ ਦਿੱਤੇ ਨੇ.
- ਭਾਰਤ ਅਤੇ ਅਫਗਾਨਿਸਤਾਨ 13 ਤੋਂ 17 ਸਤੰਬਰ ਤੱਕ ਨਵੀਂ ਦਿੱਲੀ ਵਿੱਚ ਤਿੰਨ twenty - 20 ਕ੍ਰਿਕੇਟ ਮੈਚ ਖੇਡਣਗੇ।

***ਹੁਣ ਖਬਰਾਂ ਵਿਸਥਾਰ ਨਾਲ***

---------------------------------------------------------------

ਸੰਸਦ ਦੇ ਦੋਵਾਂ ਸਦਨਾਂ ਨੇ ਵਿਦੇਸ਼ੀ ਯੋਗਦਾਨ ਨੇਮ (ਸੋਧ) ਬਿੱਲ, 2026 ਨੂੰ ਹੋਰ ਸਮੀਖਿਆ ਲਈ ਇੱਕ ਸੰਯੁਕਤ ਸੰਸਦੀ ਕਮੇਟੀ ਨੂੰ ਭੇਜਣ ਦੀ ਪ੍ਰਵਾਨਗੀ ਦੇ ਦਿੱਤੀ ਏ । ਇਹ ਬਿੱਲ ਵਿਦੇਸ਼ੀ ਯੋਗਦਾਨ ਨੇਮ ਕਾਨੂੰਨ , 2010 ਵਿੱਚ ਸੋਧ ਕਰਦਾ ਏ । ਬਿੱਲ ਦਾ ਉਦੇਸ਼ ਵਿਦੇਸ਼ੀ ਯੋਗਦਾਨਾਂ ਨੂੰ ਵਧੇਰੇ ਪਾਰਦਰਸ਼ੀ ਅਤੇ ਜਵਾਬਦੇਹ ਬਣਾਉਣਾ ਏ । ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਲੋਕ ਸਭਾ ਵਿੱਚ ਇੱਕ ਤਜਵੀਜ਼ ਪੇਸ਼ ਕੀਤਾ ਕਿ ਬਿੱਲ ਨੂੰ ਵਿਆਪਕ ਸਲਾਹ-ਮਸ਼ਵਰੇ ਲਈ ਸੰਸਦ ਦੇ ਦੋਵਾਂ ਸਦਨਾਂ ਦੇ ਮੈਂਬਰਾਂ ਦੀ ਇੱਕ ਸੰਯੁਕਤ ਸੰਸਦੀ ਕਮੇਟੀ ਨੂੰ ਭੇਜਿਆ ਜਾਵੇ-

byte – NITYANAND – 27 sec

ਇਸ ਕਮੇਟੀ ਵਿੱਚ ਸਪੀਕਰ ਵਲੋਂ ਨਾਮਜ਼ਦ 21 ਲੋਕ ਸਭਾ ਸੰਸਦ ਮੈਂਬਰ ਅਤੇ ਚੇਅਰਮੈਨ ਵਲੋਂ ਨਾਮਜ਼ਦ 10 ਰਾਜ ਸਭਾ ਸੰਸਦ ਮੈਂਬਰ ਸ਼ਾਮਲ ਹੋਣਗੇ। ਕਮੇਟੀ ਸਰਦੀਆਂ ਦੇ ਸੈਸ਼ਨ ਦੇ ਪਹਿਲੇ ਹਫ਼ਤੇ ਦੇ ਆਖਰੀ ਦਿਨ ਤੱਕ ਆਪਣੀ ਰਿਪੋਰਟ ਪੇਸ਼ ਕਰੇਗੀ ।

---------------------------------------------------------------

ਅੱਜ ਸੰਸਦ ਦੇ ਮਾਨਸੂਨ ਇਜਲਾਸ ਦਾ ਆਖਰੀ ਦਿਨ ਏ । ਪਿਛਲੇ ਮਹੀਨੇ ਦੀ 20 ਤਰੀਕ ਨੂੰ ਸ਼ੁਰੂ ਹੋਇਆ ਇਜਲਾਸ ਅੱਜ ਸਮਾਪਤ ਹੋਵੇਗਾ। ਰਾਜ ਸਭਾ ਅੱਜ ਖਾਣਾਂ ਅਤੇ ਖਣਿਜ (ਵਿਕਾਸ ਅਤੇ ਨੇਮ੍ਬ੍ਧੀ) ਸੋਧ ਬਿੱਲ, 2026 ਨੂੰ ਵਿਚਾਰ ਅਤੇ ਪਾਸ ਕਰਨ ਲਈ ਲਏਗੀ. ਸੰਸਦ ਦੀਆਂ ਦੋਵਾਂ ਸਭਾਵਾਂ ਵਿੱਚ ਅੱਜ ਨਿੱਜੀ ਮੈਂਬਰਾਂ ਦਾ ਕੰਮਕਾਜ ਵੀ ਸ਼ੁਰੂ ਹੋਣ ਵਾਲਾ ਏ ।

---------------------------------------------------------------

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਫਾਰਮੇਸੀ ਅਫਸਰਾਂ ਦੀ ਭਰਤੀ ਵਿੱਚ ਪੇਪਰ ਲੀਕ ਹੋਣ ਦੇ ਦੋਸ਼ਾਂ ਨੂੰ ਲੈ ਕੇ 454 ਫਾਰਮੇਸੀ ਅਫਸਰਾਂ ਦੀਆਂ ਅਸਾਮੀਆਂ ਲਈ ਨਿਯੁਕਤੀ ਪ੍ਰਕਿਰਿਆ 'ਤੇ ਰੋਕ ਲਾ ਦਿੱਤੀ ਏ. ਇਹ ਪ੍ਰੀਖਿਆ ਇਸ ਸਾਲ 19 ਜੁਲਾਈ ਨੂੰ ਹੋਈ ਸੀ। ਇਨ੍ਹਾਂ ਅਸਾਮੀਆਂ ਦਾ ਇਸ਼ਤਿਹਾਰ ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼, ਫਰੀਦਕੋਟ ਵਲੋਂ ਦਿੱਤਾ ਗਿਆ ਸੀ। ਮਾਮਲੇ ਦੀ ਅਗਲੀ

ਸੁਣਵਾਈ 17 ਸਤੰਬਰ ਨੂੰ ਤੈਅ ਕੀਤੀ ਗਈ ਏ। ਵਧੇਰੇ ਜਾਣਕਾਰੀ ਸਾਡੇ ਪੱਤਰਕਾਰ ਤੋਂ - ਇਸ ਕਥਿਤ ਪੇਪਰ ਲੀਕ ਹੋਣ ਦੇ ਕੁਝ ਘੰਟਿਆਂ ਦੇ ਅੰਦਰ ਹੀ , ਪੰਜਾਬ ਪੁਲਿਸ ਨੇ ਫਰੀਦਕੋਟ, ਕੋਟਕਪੂਰਾ ਅਤੇ ਫਿਰੋਜ਼ਪੁਰ ਦੇ 25 ਪ੍ਰੀਖਿਆ ਕੇਂਦਰਾਂ 'ਤੇ ਛਾਪੇਮਾਰੀ ਕਰਕੇ ਇੱਕ ਅੰਤਰਰਾਜੀ ਧੋਖਾਧੜੀ ਰੈਕੇਟ ਦਾ ਪਰਦਾਫਾਸ਼ ਕਰਨ ਦਾ ਦਾਅਵਾ ਕੀਤਾ ਸੀ ਅਤੇ ਹਾਈ-ਟੈਕ ਪੈੱਨ ਕੈਮਰਿਆਂ ਅਤੇ ਹੋਰ ਯੰਤਰਾਂ ਦੀ ਵਰਤੋਂ ਕਰਕੇ ਪੇਪਰ ਲੀਕ ਕਰਨ ਵਾਲੇ ਸੱਤ ਮੁੱਖ ਸਾਜ਼ਿਸ਼ਕਰਤਾਵਾਂ ਅਤੇ 28 ਉਮੀਦਵਾਰਾਂ ਨੂੰ ਹਿਰਾਸਤ ਵਿਚ ਲਿਆ ਸੀ। ਜਾਂਚ ਤੋਂ ਪਤਾ ਲੱਗਾ ਹੈ ਕਿ ਧੋਖਾਧੜੀ ਕਰਨ ਵਾਲੇ ਰੈਕੇਟ ਨੇ ਉਮੀਦਵਾਰਾਂ ਤੋਂ 3.5 ਲੱਖ ਤੋਂ 13 ਲੱਖ ਰੁਪਏ ਤੱਕ ਦੀ ਵਸੂਲੀ ਕੀਤੀ ਸੀ। ਇਸ ਪ੍ਰੀਖਿਆ ਵਿੱਚ ਲਗਭਗ 7,000 ਉਮੀਦਵਾਰ ਸ਼ਾਮਲ ਹੋਏ ਸਨ। ਉਦੋਂ ਤੋਂ ਹੀ , ਪੰਜਾਬ ਸਰਕਾਰ ਇਹ ਕਹਿੰਦੀ ਆ ਰਹੀ ਸੀ ਕਿ ਇਸ ਘਟਨਾ ਵਿੱਚ ਰਵਾਇਤੀ ਪੇਪਰ ਲੀਕ ਨਹੀਂ ਹੋਇਆ ਬਾਲਕੀ ਇਹ ਉੱਚ-ਤਕਨੀਕੀ ਧੋਖਾਧੜੀ ਦਾ ਮਾਮਲਾ ਏ। ਹਾਲਾਂਕਿ, ਇਹ ਅੰਤਰ ਹੁਣ ਇੱਕ ਵੱਡਾ ਰਾਜਨੀਤਿਕ ਮੁੱਦਾ ਬਣ ਗਿਆ ਹੈ। ਭਾਜਪਾ, ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਸਮੇਤ ਵਿਰੋਧੀ ਪਾਰਟੀਆਂ ਨੇ ਆਮ ਆਦਮੀ ਪਾਰਟੀ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਮੇਤ ਇਸਦੀ ਲੀਡਰਸ਼ਿਪ ਦੀ ਆਲੋਚਨਾ ਕੀਤੀ ਹੈ, ਜਿਸ ਨੇ ਕਥਿਤ ਪੇਪਰ ਲੀਕ ਨੂੰ ਇੱਕ ਮਾਮੂਲੀ ਧੋਖਾਧੜੀ ਦੇ

ਮਾਮਲੇ ਵਜੋਂ ਦਰਸਾਉਣ ਦੀ ਕੋਸ਼ਿਸ਼ ਕੀਤੀ। ਵਿਰੋਧੀ ਪਾਰਟੀ ਦੇ ਨੇਤਾ ਹੁਣ ਇਸ ਮਾਮਲੇ ਵਿਚ ਜਵਾਬਦੇਹੀ ਦੀ ਮੰਗ ਕਰ ਰਹੇ ਨੇ। <><>

ਰਾਜੇਸ਼ ਬਾਲੀ/ਆਕਾਸ਼ਵਾਣੀ ਖ਼ਬਰਾਂ /ਜਲੰਧਰ

----------------------------------------------------------

ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਪੰਜਾਬ ਸਰਕਾਰ 'ਤੇ ਫਾਰਮੇਸੀ ਅਫਸਰ ਭਰਤੀ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਲੀਕ ਹੋਣ ਸਬੰਧੀ ਜਨਤਾ ਨੂੰ ਗੁੰਮਰਾਹ ਕਰਨ ਦਾ ਇਲ੍ਜ਼ਾਮ ਲਾਇਆ ਏ. ਪਾਰਟੀ ਦੇ ਬੁਲਾਰੇ ਸੰਬਿਤ ਪਾਤਰਾ ਨੇ ਕੱਲ੍ਹ ਨਵੀਂ ਦਿੱਲੀ ਵਿੱਚ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਿਛਲੇ ਮਹੀਨੇ ਹੋਈ ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਦੀ ਪ੍ਰੀਖਿਆ ਨੂੰ ਰੋਕਦੇ ਹੋਏ ਸਖ਼ਤ ਟਿੱਪਣੀਆਂ ਕੀਤੀਆਂ ਸਨ। ਅਦਾਲਤ ਨੇ ਇਹ ਵੀ ਪੁੱਛਿਆ ਕਿ ਪ੍ਰੀਖਿਆ ਪਹਿਲਾਂ ਕਿਉਂ ਨਹੀਂ ਰੋਕੀ ਗਈ ਅਤੇ ਕੀ ਇਸਨੂੰ ਦੁਬਾਰਾ ਕਰਵਾਇਆ ਜਾਣਾ ਚਾਹੀਦਾ ਏ। ਸ਼੍ਰੀ ਪਾਤਰਾ ਨੇ ਕਿਹਾ ਕਿ ਇਹ, ਪੰਜਾਬ ਸਰਕਾਰ ਦੇ ਪਹਿਲਾਂ ਦੇ ਦਾਅਵੇ ਦਾ ਖੰਡਨ ਕਰਦਾ ਏ ਕਿ ਕੋਈ ਪ੍ਰਸ਼ਨ ਪੱਤਰ ਲੀਕ ਨਹੀਂ ਹੋਇਆ ਸੀ। ਰਾਜ ਸਰਕਾਰ ਨੇ ਕਿਹਾ ਸੀ ਕਿ ਪ੍ਰੀਖਿਆ ਵਿੱਚ ਸਿਰਫ਼ ਬੇਨੇਮੀਆਂ ਹੋਈਆਂ ਹਨ। ਆਮ ਆਦਮੀ ਪਾਰਟੀ (ਆਪ) ਸਰਕਾਰ 'ਤੇ ਜਨਤਾ ਨੂੰ ਗੁੰਮਰਾਹ ਕਰਨ ਦਾ ਦੋਸ਼ ਲਗਾਉਂਦੇ

ਹੋਏ, ਬੁਲਾਰੇ ਨੇ ਕਿਹਾ ਕਿ ਕਾਂਗਰਸ ਅਤੇ 'ਆਪ' ਦੋਹਰੇ ਮਾਪਦੰਡ ਅਪਣਾ ਰਹੇ ਹਨ।

---------------------------------------------------------

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅੱਜ ਨਵੀਂ ਦਿੱਲੀ ਵਿੱਚ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਵਿੱਚ 115 ਕਲਾਕਾਰਾਂ ਨੂੰ 2024 ਅਤੇ 2025 ਲਈ ਸੰਗੀਤ ਨਾਟਕ ਅਕਾਦਮੀ ਫੈਲੋਸ਼ਿਪ ਅਤੇ ਅਵਾਰਡ ਪ੍ਰਦਾਨ ਕਰਨਗੇ। ਕੇਂਦਰੀ ਸੱਭਿਆਚਾਰ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਅਤੇ ਸੱਭਿਆਚਾਰ ਰਾਜ ਮੰਤਰੀ ਰਾਓ ਇੰਦਰਜੀਤ ਸਿੰਘ ਇਸ ਮੌਕੇ 'ਤੇ ਮੌਜੂਦ ਰਹਿਣਗੇ। ਅਕਾਦਮੀ ਅਵਾਰਡ 1952 ਤੋਂ ਦਿੱਤੇ ਜਾ ਰਹੇ ਨੇ. ਇਹ ਸਨਮਾਨ ਨਾ ਸਿਰਫ਼ ਮੁਹਾਰਤ ਅਤੇ ਪ੍ਰਾਪਤੀ ਦੇ ਸਰ੍ਬੁਚ ਮਿਆਰ ਦਾ ਪ੍ਰਤੀਕ ਨੇ, ਸਗੋਂ ਨਿਰੰਤਰ ਵਿਅਕਤੀਗਤ ਕੰਮ ਅਤੇ ਯੋਗਦਾਨ ਨੂੰ ਵੀ ਮਾਨਤਾ ਦਿੰਦੇ ਨੇ. ਅਕਾਦਮੀ ਫੈਲੋ ਦੇ ਸਨਮਾਨ ਵਿੱਚ ਤਿੰਨ ਲੱਖ ਰੁਪਏ ਦੀ ਰਕਮ ਹੁੰਦੀ ਏ, ਜਦੋਂ ਕਿ ਅਕਾਦਮੀ ਅਵਾਰਡ ਵਿੱਚ ਇੱਕ ਲੱਖ ਰੁਪਏ ਦੀ ਰਕਮ ਤੋਂ ਇਲਾਵਾ ਇੱਕ ਤਾਮਰ ਪੱਤਰ ਅਤੇ ਅੰਗਵਸਤਰਮ ਹੁੰਦਾ ਏ । ਚੁਣੇ ਗਏ ਫੈਲੋ ਅਤੇ ਅਵਾਰਡ ਪ੍ਰਾਪਤ ਕਰਨ ਵਾਲੇ ਪੂਰੇ ਦੇਸ਼ ਦੀ ਨੁਮਾਇੰਦਗੀ ਕਰਦੇ ਨੇ, ਅਤੇ ਵੱਖ-ਵੱਖ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨਾਲ ਸੰਬੰਧਿਤ ਨੇ. ਇਹ ਉੱਘੇ ਕਲਾਕਾਰ ਸੰਗੀਤ, ਨਾਚ, ਨਾਟਕ, ਲੋਕ ਅਤੇ ਕਬਾਇਲੀ ਕਲਾ, ਕਠਪੁਤਲੀ ਅਤੇ ਸਹਾਇਕ ਥੀਏਟਰ ਕਲਾ ਦੇ ਰੂਪਾਂ ਦੇ

ਰੂਪ ਵਿੱਚ ਪ੍ਰਗਟ ਕੀਤੇ ਗਏ ਪ੍ਰਦਰਸ਼ਨ ਕਲਾ ਰੂਪਾਂ ਦੇ ਪੂਰੇ ਖੇਤਰ ਨੂੰ ਕਵਰ ਕਰਦੇ ਨੇ.

--------------------------------------------------

ਕਲਕੱਤਾ ਹਾਈ ਕੋਰਟ ਨੇ ਪੱਛਮੀ ਬੰਗਾਲ ਵਿੱਚ ਸਾਬਕਾ ਤ੍ਰਿਣਮੂਲ ਕਾਂਗਰਸ ਸਰਕਾਰ ਵਲੋਂ ਲਾਗੂ ਕੀਤੇ ਗਏ ਸੋਧੇ ਹੋਏ ਨੇਮਾਂ ਤਹਿਤ ਜਾਰੀ ਕੀਤੇ ਗਏ ਸਾਰੇ ਹੋਰ ਪੱਛੜੇ ਵਰਗ (ਓਬੀਸੀ-ਏ) ਅਤੇ ਓਬੀਸੀ-ਬੀ ਪ੍ਰਮਾਣ ਪੱਤਰ ਰੱਦ ਕਰ ਦਿੱਤੇ ਨੇ. ਜਸਟਿਸ ਰਾਜਸ਼ੇਖਰ ਮੰਥਾ ਅਤੇ ਅਨੁਜ ਸਿੰਘ ਦੇ ਡਿਵੀਜ਼ਨ ਬੈਂਚ ਨੇ ਕਿਹਾ ਕਿ ਓਬੀਸੀ-ਏ ਅਤੇ ਓਬੀਸੀ-ਬੀ ਵਰਗੀਕਰਨ ਪ੍ਰਣਾਲੀ ਹੁਣ ਰਾਜ ਵਿੱਚ ਮੌਜੂਦ ਨਹੀਂ ਏ। ਅਦਾਲਤ ਨੇ ਕਿਹਾ ਕਿ ਪਿਛਲੀ ਪ੍ਰਣਾਲੀ  ਤਹਿਤ ਜਾਰੀ ਕੀਤੇ ਗਏ ਪ੍ਰਮਾਣ ਪੱਤਰਾਂ ਦੀ ਕੋਈ ਵੈਧਤਾ ਨਹੀਂ ਏ। ਅਜਿਹੇ ਪ੍ਰਮਾਣ ਪੱਤਰ ਧਾਰਕਾਂ ਨੂੰ ਹੁਣ ਜਨਰਲ ਸ਼੍ਰੇਣੀ ਨਾਲ ਸਬੰਧਤ ਮੰਨਿਆ ਜਾਵੇਗਾ।

--------------------------------------------------

ਕੇਂਦਰੀ ਖਪਤਕਾਰ ਮਾਮਲੇ, ਖੁਰਾਕ ਅਤੇ ਜਨਤਕ ਵੰਡ ਮੰਤਰੀ, ਪ੍ਰਹਿਲਾਦ ਜੋਸ਼ੀ ਨੇ ਕਲ੍ਹ ਨਵੀਂ ਦਿੱਲੀ ਵਿੱਚ ਖਪਤਕਾਰ ਮਾਮਲਿਆਂ ਦੇ ਵਿਭਾਗ ਦੇ ਸਕੱਤਰ ਨਾਲ ਪਿਆਜ਼ ਦੀ ਖਰੀਦ ਅਤੇ ਭੰਡਾਰ ਬਾਰੇ ਇੱਕ ਸਮੀਖਿਆ ਮੀਟਿੰਗ ਕੀਤੀ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਸ਼੍ਰੀ ਜੋਸ਼ੀ ਨੇ ਕਿਹਾ ਕਿ ਮੀਟਿੰਗ ਵਿੱਚ ਪਿਆਜ਼ ਦੇ

ਨਿਪਟਾਰੇ ਦੀਆਂ ਰਣਨੀਤੀਆਂ, ਬਾਜ਼ਾਰ ਦੀਆਂ ਸਥਿਤੀਆਂ ਅਤੇ ਵਾਜਬ ਕੀਮਤਾਂ 'ਤੇ ਪਿਆਜ਼ ਦੀ ਨਿਰੰਤਰ ਸਪਲਾਈ ਨੂੰ ਯਕੀਨੀ ਬਣਾਉਣ ਦੇ ਉਪਾਵਾਂ 'ਤੇ ਚਰਚਾ ਕੀਤੀ ਗਈ। ਸ਼੍ਰੀ ਜੋਸ਼ੀ ਨੇ ਕਿਹਾ ਕਿ ਮੀਟਿੰਗ ਵਿੱਚ ਬਾਜ਼ਾਰ ਸਥਿਰਤਾ ਨੂੰ ਮਜ਼ਬੂਤ ਕਰਨ ਲਈ ਨੇੜਿਓਂ ਨਿਗਰਾਨੀ ਅਤੇ ਤਾਲਮੇਲ ਵਾਲੀ ਕਾਰਵਾਈ 'ਤੇ ਜ਼ੋਰ ਦਿੱਤਾ ਗਿਆ।

----------------------------------------------------------------

ਕੱਲ੍ਹ ਬਲੋਚਿਸਤਾਨ ਦੇ ਸੁਰਾਬ ਜ਼ਿਲ੍ਹੇ ਵਿੱਚ ਪਾਕਿਸਤਾਨੀ ਹਵਾਈ ਫੌਜ ਦੇ ਹਵਾਈ ਹਮਲਿਆਂ ਵਿੱਚ ਔਰਤਾਂ ਅਤੇ ਬੱਚਿਆਂ ਸਮੇਤ 30 ਤੋਂ ਵੱਧ ਨਾਗਰਿਕ ਮਾਰੇ ਗਏ ਅਤੇ ਕਈ ਜ਼ਖਮੀ ਹੋਏ। ਬਲੋਚਿਸਤਾਨ ਗਣਰਾਜ ਸਮੂਹ ਨੇ ਦਾਅਵਾ ਕੀਤਾ ਕਿ ਪਾਕਿਸਤਾਨੀ ਫੌਜ ਅਤੇ ਹਵਾਈ ਫੌਜ ਵੱਲੋਂ ਕੀਤੀ ਗਈ ਬੰਬਾਰੀ ਅਤੇ ਗੋਲੀਬਾਰੀ ਦੇ ਨਤੀਜੇ ਵਜੋਂ ਕਈ ਨਾਗਰਿਕ ਮਾਰੇ ਗਏ ਅਤੇ ਜਾਇਦਾਦ ਨੂੰ ਨੁਕਸਾਨ ਪਹੁੰਚਿਆ ਏ । ਸਮੂਹ ਨੇ ਸੁਰੱਖਿਆ ਬਲਾਂ 'ਤੇ ਜ਼ਖਮੀ ਨਾਗਰਿਕਾਂ ਨੂੰ ਹਿਰਾਸਤ ਵਿੱਚ ਲੈਣ ਅਤੇ ਰਾਹਤ ਅਤੇ ਬਚਾਅ ਕਾਰਜਾਂ ਨੂੰ ਰੋਕਣ ਦਾ ਇਲ੍ਜ਼ਾਮ ਲਾਇਆ. ਸਮੂਹ ਨੇ ਫੌਜੀਆਂ 'ਤੇ ਹਸਪਤਾਲਾਂ ਨੂੰ ਘੇਰਨ ਅਤੇ ਡਾਕਟਰਾਂ 'ਤੇ ਦਬਾਅ ਪਾਉਣ ਦਾ ਇਲ੍ਜ਼ਾਮ ਲਾਇਆ. ਕੁਝ ਜ਼ਖਮੀਆਂ ਦੀ ਮੌਤ ਇਲਾਜ ਦੀ ਘਾਟ ਕਾਰਨ ਹੋਈ । ਡਰੋਨ ਅਤੇ ਕੋਬਰਾ ਗਨਸ਼ਿਪ ਹੈਲੀਕਾਪਟਰ ਖੇਤਰ ਵਿੱਚ ਗਸ਼ਤ ਕਰਦੇ ਦੇਖੇ ਗਏ। ਖੇਤਰ ਵਿੱਚ ਇੰਟਰਨੈੱਟ ਸੇਵਾਵਾਂ

ਬੰਦ ਕਰ ਦਿੱਤੀਆਂ ਗਈਆਂ ਨੇ. ਬਲੋਚਿਸਤਾਨ ਗਣਰਾਜ ਨੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਇਸ ਸਥਿਤੀ ਦਾ ਨੋਟਿਸ ਲੈਣ ਅਤੇ ਬਲੋਚ ਨਾਗਰਿਕਾਂ ਦੇ ਜੀਵਨ ਅਤੇ ਬੁਨਿਆਦੀ ਅਧਿਕਾਰਾਂ ਦੀ ਰੱਖਿਆ ਲਈ ਦਖਲ ਦੇਣ ਦੀ ਅਪੀਲ ਕੀਤੀ ਏ । ਪਿਛਲੇ ਦਹਾਕੇ ਦੌਰਾਨ, ਕਬਾਇਲੀ ਖੇਤਰਾਂ ਵਿੱਚ ਪਾਕਿਸਤਾਨੀ ਫੌਜ ਵੱਲੋਂ ਕੀਤੇ ਗਏ ਹਵਾਈ ਹਮਲਿਆਂ ਅਤੇ ਬੰਬਾਰੀ ਵਿੱਚ ਕਈ ਨਾਗਰਿਕ ਮਾਰੇ ਗਏ ਨੇ. ਮਨੁੱਖੀ ਅਧਿਕਾਰ ਸਮੂਹਾਂ ਨੇ ਇਨ੍ਹਾਂ ਹਮਲਿਆਂ ਦੀ ਸਖ਼ਤ ਨੁਕਤਾਚੀਨੀ ਕੀਤੀ ਏ.

---

ਭਾਰਤ ਅਤੇ ਅਫਗਾਨਿਸਤਾਨ 13 ਤੋਂ 17 ਸਤੰਬਰ ਤੱਕ ਨਵੀਂ ਦਿੱਲੀ ਵਿੱਚ ਤਿੰਨ twenty - 20 ਕ੍ਰਿਕੇਟ ਮੈਚ ਖੇਡਣਗੇ। ਭਾਰਤੀ ਕ੍ਰਿਕੇਟ ਕੰਟਰੋਲ ਬੋਰਡ ਅਤੇ ਅਫਗਾਨਿਸਤਾਨ ਕ੍ਰਿਕੇਟ ਬੋਰਡ ਨੇ ਇਸਦੀ ਪੁਸ਼ਟੀ ਕੀਤੀ ਏ ।

---

- ਸੰਸਦ ਦੇ ਦੋਵਾਂ ਸਦਨਾਂ ਨੇ ਵਿਦੇਸ਼ੀ ਯੋਗਦਾਨ ਨੇਮ (ਸੋਧ) ਬਿੱਲ, 2026 ਨੂੰ ਹੋਰ ਸਮੀਖਿਆ ਲਈ ਇੱਕ ਸੰਯੁਕਤ ਸੰਸਦੀ ਕਮੇਟੀ ਨੂੰ ਭੇਜਣ ਦੀ ਪ੍ਰਵਾਨਗੀ ਦੇ ਦਿੱਤੀ ਏ ।

- ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੇ ਫਾਰਮੇਸੀ ਅਫਸਰਾਂ ਦੀ ਭਰਤੀ ਵਿੱਚ ਪੇਪਰ ਲੀਕ ਹੋਣ ਦੇ ਦੋਸ਼ਾਂ ਨੂੰ ਲੈ ਕੇ 454 ਫਾਰਮੇਸੀ ਅਫਸਰਾਂ ਦੀਆਂ ਅਸਾਮੀਆਂ ਲਈ ਨਿਯੁਕਤੀ ਪ੍ਰਕਿਰਿਆ 'ਤੇ ਰੋਕ ਲਾ ਦਿੱਤੀ ਏ.
- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅੱਜ ਨਵੀਂ ਦਿੱਲੀ ਵਿੱਚ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਵਿੱਚ 115 ਕਲਾਕਾਰਾਂ ਨੂੰ 2024 ਅਤੇ 2025 ਲਈ ਸੰਗੀਤ ਨਾਟਕ ਅਕਾਦਮੀ ਫੈਲੋਸ਼ਿਪ ਅਤੇ ਅਵਾਰਡ ਪ੍ਰਦਾਨ ਕਰਨਗੇ।
- ਕਲਕੱਤਾ ਹਾਈ ਕੋਰਟ ਨੇ ਪੱਛਮੀ ਬੰਗਾਲ ਵਿੱਚ ਸਾਬਕਾ ਤ੍ਰਿਣਮੂਲ ਕਾਂਗਰਸ ਸਰਕਾਰ ਵਲੋਂ ਲਾਗੂ ਕੀਤੇ ਗਏ ਸੋਧੇ ਹੋਏ ਨੇਮਾਂ ਤਹਿਤ ਜਾਰੀ ਕੀਤੇ ਗਏ ਸਾਰੇ ਹੋਰ ਪੱਛੜੇ ਵਰਗ (ਓਬੀਸੀ-ਏ) ਅਤੇ ਓਬੀਸੀ-ਬੀ ਪ੍ਰਮਾਣ ਪੱਤਰ ਰੱਦ ਕਰ ਦਿੱਤੇ ਨੇ.
- ਭਾਰਤ ਅਤੇ ਅਫਗਾਨਿਸਤਾਨ 13 ਤੋਂ 17 ਸਤੰਬਰ ਤੱਕ ਨਵੀਂ ਦਿੱਲੀ ਵਿੱਚ ਤਿੰਨ twenty - 20 ਕ੍ਰਿਕੇਟ ਮੈਚ ਖੇਡਣਗੇ।

ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ

ਸਾਡਾ ਅਗਲਾ ਪ੍ਰਾਦੇਸ਼ਿਕ ਬੁਲੇਟਿਨ

ਦੁਪਹਿਰ ਬਾਅਦ 1 ਵਜ ਕੇ 10 ਮਿੰਟ ‘ਤੇ ਹੋਏਗਾ .

ਨਮਸ੍ਕਾਰ